# ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ

ਵਾਤਾਵਰਣ ਭਵਨ, ਨਾਭਾ ਰੋਡ, ਮੁੱਖ ਦਫ਼ਤਰ, ਪਟਿਆਲਾ

ਨੰਬਰ ਸੀ.ਈ.ਈ.(ਹੈ:ਕੁ:-2)/2017/ 948

ਮਿਤੀ 11/8/17

## ਦਫ਼ਤਰੀ ਹੁਕਮ

ਬੋਰਡ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਕੁਝ ਖੇਤਰੀ ਦਫ਼ਤਰਾਂ ਦੁਆਰਾ ਐਫ੍ਲੂਐਂਟ ਜਾਂ ਏਅਰ ਅਮੀਸ਼ਨਜ਼ ਦੇ ਸੈਂਪਲ ਕਦੇ ਜੋਨਲ ਦਫ਼ਤਰ ਦੀ ਲੈਬੋਰਟਰੀ ਅਤੇ ਕਦੇ ਮੁੱਖ ਦਫ਼ਤਰ, ਪਟਿਆਲਾ ਦੀ ਲੈਬ ਵਿਖੇ ਭੇਜ ਦਿੱਤੇ ਜਾਂਦੇ ਹਨ ਜਦੋਂ ਕਿ ਉਨ੍ਹਾਂ ਪੈਰਾਮੀਟਰਾਂ ਦੇ ਨਿਰੱਖਣ ਲਈ ਜੋਨਲ ਦਫ਼ਤਰਾਂ ਦੀ ਲੈਬ ਵਿੱਚ ਵੀ ਵਿਵਸਥਾ ਹੁੰਦੀ ਹੈ ਅਤੇ ਸੈਂਪਲਾਂ ਨੂੰ ਮੁੱਖ ਦਫ਼ਤਰ, ਪਟਿਆਲਾ ਦੀ ਲੈਬਾਰਟਰੀ ਨੂੰ ਭੇਜਣ ਸਬੰਧੀ ਸਮਰੱਥ ਅਧਿਕਾਰੀ ਦੁਆਰਾ ਕੋਈ ਲਿਖਤੀ ਹੁੱਕਮ ਜ਼ਾਰੀ ਨਹੀਂ ਕੀਤੇ ਹੁੰਦੇ ਹਨ।

ਇਸ ਲਈ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਅੱਗੇ ਤੋਂ ਸਾਰੇ ਖੇਤਰੀ ਦਫ਼ਤਰਾਂ ਵਲੋਂ ਸਬੰਧਤ ਜੋਨਲ ਲੈਬਾਰਟਰੀ ਵਿੱਚ ਹੀ ਸੈਂਪਲ ਨਿਰਖਣ ਕਰਨ ਲਈ ਭੇਜੇ ਜਾਇਆ ਕਰਨ ਅਤੇ ਮੁੱਖ ਦਫ਼ਤਰ ਪਟਿਆਲਾ ਦੀ ਲੈਬਾਰਟਰੀ ਵਿੱਚ ਉਦੋਂ ਹੀ ਸੈਂਪਲ ਭੇਜੇ ਜਾਣ ਜਦੋਂ ਕਿ ਸਮਰੱਥ ਅਧਿਕਾਰੀ ਦੁਆਰਾ ਸੈਂਪਲ ਪਟਿਆਲਾ ਲੈਬ ਵਿੱਚ ਭੇਜਣ ਲਈ ਕਿਹਾ ਜਾਵੇ।

ਇਨ੍ਹਾਂ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ।

ਮੈਂਬਰ ਸਕੱਤਰ

ਪਿੱਠ ਅੰਕਣ ਨੰ:.ਸੀ.ਈ.ਈ. ਹੈ:ਕੁ:-2/2017/ 23326-57 ਮਿਤੀ 11/8/17

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

1 ਮੁੱਖ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਬਠਿੰਡਾ/ਪਟਿਆਲਾ/ ਜਲੰਧਰ/ਲੁਧਿਆਣਾ।
2 ਸੀਨੀਅਰ ਵਾਤਾਵਰਣ ਇੰਜੀਨੀਅਰ (ਹੈ:ਕੁ:-1/2/3), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।
3 ਸੀਨੀਅਰ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਜੋਨਲ ਦਫਤਰ, ਪਟਿਆਲਾ-1/2, ਲੁਧਿਆਣਾ-1/2, ਜਲੰਧਰ, ਅੰਮ੍ਰਿਤਸਰ ਅਤੇ ਬਠਿੰਡਾ ।
4 ਸੀਨੀਅਰ ਵਿਗਿਆਨਕ ਅਫਸਰ(ਪ੍ਰਯੋਗਸ਼ਾਲਾ), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।
5 ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫਤਰ, ਪਟਿਆਲਾ, ਲੁਧਿਆਣਾ-1,2,3,4 ਜਲੰਧਰ, ਅੰਮ੍ਰਿਤਸਰ, ਸੰਗਰੂਰ, ਫ਼ਰੀਦਕੋਟ, ਫ਼ਤਿਹਗੜ੍ਹ ਸਾਹਿਬ, ਮੁਹਾਲੀ, ਹੁਸ਼ਿਆਰਪੁਰ, ਬਟਾਲਾ ਅਤੇ ਬਠਿੰਡਾ।
6 ਵਿਗਿਆਨਕ ਅਫਸਰ(ਹਵਾ), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।
7 ਸਹਾਇਕ ਵਿਗਿਆਨਕ ਅਫਸਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਜੋਨਲ ਲੈਬ, ਲੁਧਿਆਣਾ ਅਤੇ ਜਲੰਧਰ।
8. ਡਾਇਰੈਕਟਰ ਇੰਜੀਨੀਅਰ (ਹੈ:ਕੁ:) ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।

ਮੈਂਬਰ ਸਕੱਤਰ

16/8/17